ਦਫਤਰ ਡਾਇਰੈਕਟਰ ਰਾਜ ਸਿੱਖਿਆ ਖੋਜ ਅਤੇ ਸਿਖਲਾਈ ਪ੍ਰੀਸ਼ਦ,ਪੰਜਾਬ
ਬਲਾਕ-ਈ, ਛੇਵੀਂ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ. ਫੇਜ-8 ਅਜੀਤਗੜ੍ਹ, ਮੁਹਾਲੀ
ਫੋਨ ਨੰਬਰ, 0172-2212221, ਫੈਕਸ ਨੰ: 0172-221793

ਸੇਵਾ ਵਿਖੇ,

1. ਮਾਨਯੋਗ ਸਿੱਖਿਆ ਮੰਤਰੀ ਜੀ, ਪੰਜਾਬ।
2. ਪ੍ਰਮੁੱਖ ਸਕੱਤਰ ਸਕੂਲ ਸਿੱਖਿਆ, ਪੰਜਾਬ।
3. ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।
4. ਚੇਅਰਪਰਸਨ, ਪੰਜਾਬ ਸਕੂਲ ਸਿੱਖਿਆ ਬੋਰਡ, ਐਸ.ਏ.ਐਸ. ਨਗਰ, ਪੰਜਾਬ।
5. ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ।
6. ਡਾਇਰੈਕਟਰ ਸਿੱਖਿਆ ਵਿਭਾਗ (ਐ:ਸਿ:) ਪੰਜਾਬ।
7. ਡਾਇਰੈਕਟਰ ਐਸ.ਸੀ.ਈ.ਆਰ.ਟੀ., ਪੰਜਾਬ।
8. ਡਿਪਟੀ ਡਾਇਰੈਕਟਰ ਰਾਜ ਸਿੱਖਿਆ ਅਤੇ ਕਿੱਤਾ ਅਗਵਾਈ ਬਿਊਰੋ, ਪੰਜਾਬ।
9. ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ, ਪੰਜਾਬ।
10. ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ:), ਪੰਜਾਬ।
11. ਸਮੂਹ ਜ਼ਿਲ੍ਹਾ ਸਹਾਇਕ ਗਾਈਡੈਂਸ ਕਾਊਂਸਲਰਜ਼,ਪੰਜਾਬ।

ਮੀਮੋ ਨੰ: 15/2-2015 ਡਿ.ਡਾ.ਗ.ਬਿ./ 96-106
ਮਿਤੀ, ਐਸ.ਏ.ਐਸ.ਨਗਰ: 16-01-2015

ਵਿਸ਼ਾ:- ਮਿਤੀ 6-01-2015 ਨੂੰ ਮਾਨਯੋਗ ਸਿੱਖਿਆ ਮੰਤਰੀ ਜੀ, ਪੰਜਾਬ ਦੀ ਪ੍ਰਧਾਨਗੀ ਹੇਠ ਸਮੂਹ ਜ਼ਿਲ੍ਹਾ ਸਹਾਇਕ ਗਾਈਡੈਂਸ ਕਾਊਂਸਲਰਜ਼ ਦੀ ਹੋਈ ਮੀਟਿੰਗ ਦੀ ਕਾਰਵਾਈ ਰਿਪੋਰਟ।

ਮਿਤੀ 6-01-2015 ਨੂੰ ਮਾਨਯੋਗ ਸਿੱਖਿਆ ਮੰਤਰੀ ਜੀ ਨੇ ਸਮੂਹ ਜ਼ਿਲ੍ਹਾ ਸਹਾਇਕ ਗਾਈਡੈਂਸ ਕਾਊਂਸਲਰਜ਼ ਦੀ ਮੀਟਿੰਗ ਲਈ, ਜਿਸ ਵਿਚ ਸਿੱਖਿਆ ਵਿਭਾਗ ਦੇ ਉੱਚ ਅਧਿਕਾਰੀ ਵੀ ਸ਼ਾਮਲ ਹੋਏ। ਮੀਟਿੰਗ ਦੀ ਕਾਰਵਾਈ ਰਿਪੋਰਟ ਸੂਚਨਾ ਅਤੇ ਲੋੜੀਂਦੀ ਯੋਗ ਕਾਰਵਾਈ ਹਿੱਤ ਭੇਜੀ ਜਾਂਦੀ ਹੈ।

ਨੱਥੀ: ਕਾਰਵਾਈ ਰਿਪੋਰਟ

ਪਰਿਤਨਾ
ਡਾਇਰੈਕਟਰ
ਐਸ.ਸੀ.ਈ.ਆਰ.ਟੀ. ਪੰਜਾਬ,
ਐਸ.ਏ.ਐਸ. ਨਗਰ।
16/1/15

ਵਿਸ਼ਾ:- ਮਿਤੀ 6-1-2015 ਨੂੰ ਦਫਤਰ ਸਰਵ ਸਿੱਖਿਆ ਅਭਿਆਨ, ਪੰਜਾਬ, ਐਸ.ਏ.ਐਸ. ਨਗਰ ਵਿਖੇ ਸਮੂਹ ਜ਼ਿਲ੍ਹਾ ਸਹਾਇਕ ਗਾਈਡੈਂਸ ਕਾਊਂਸਲਰਜ਼ ਦੀ ਮੀਟਿੰਗ ਦੀ ਕਾਰਵਾਈ ਰਿਪੋਰਟ।

ਮਿਤੀ 6-1-2015 ਨੂੰ ਮਾਨਯੋਗ ਸਿੱਖਿਆ ਮੰਤਰੀ ਜੀ ਦੀ ਪ੍ਰਧਾਨਗੀ ਹੇਠ ਸਮੂਹ ਜ਼ਿਲ੍ਹਾ ਸਹਾਇਕ ਗਾਇਡੈਂਸ ਕਾਊਂਸਲਰਜ਼ ਦੀ ਮੀਟਿੰਗ ਕਾਨਫਰੰਸ ਹਾਲ, ਵਿਦਿਆ ਭਵਨ, ਈ-ਬਲਾਕ ਦੀ ਪੰਜਵੀਂ ਮੰਜਿਲ ਵਿਖੇ ਹੋਈ ਜਿਸ ਵਿੱਚ ਸਿੱਖਿਆ ਵਿਭਾਗ ਦੇ ਹੇਠ-ਲਿਖੇ ਉੱਚ ਅਧਿਕਾਰੀ ਸ਼ਾਮਲ ਹੋਏ:-

1. ਸ਼੍ਰੀ ਸੀ.ਰਾਊਲ, ਪ੍ਰਮੁੱਖ ਸੱਕਤਰ ਸਕੂਲ ਸਿੱਖਿਆ, ਪੰਜਾਬ।
2. ਸ਼੍ਰੀ ਪ੍ਰਦੀਪ ਅਗਰਵਾਲ, ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।
3. ਸ਼੍ਰੀਮਤੀ ਤਜਿੰਦਰ ਕੌਰ ਧਾਲੀਵਾਲ, ਚੇਅਰਮੈਨ, ਪੰਜਾਬ ਸਕੂਲ ਸਿੱਖਿਆ ਬੋਰਡ ।
4. ਡਾ. ਕਮਲ ਗਰਗ, ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:), ਪੰਜਾਬ।
5. ਸ਼੍ਰੀਮਤੀ ਦਰਸ਼ਨ ਕੌਰ, ਡਾਇਰੈਕਟਰ ਸਿੱਖਿਆ ਵਿਭਾਗ (ਐ:ਸਿ:) ਪੰਜਾਬ।
6. ਸ਼੍ਰੀਮਤੀ ਪੰਕਜ ਸ਼ਰਮਾਂ, ਡਾਇਰੈਕਟਰ ਐਸ.ਸੀ.ਈ.ਆਰ.ਟੀ., ਪੰਜਾਬ।
7. ਸ਼੍ਰੀਮਤੀ ਡੇਜ਼ੀ, ਡਿਪਟੀ ਡਾਇਰੈਕਟਰ ਰਾਜ ਸਿੱਖਿਆ ਅਤੇ ਕਿੱਤਾ ਅਗਵਾਈ ਬਿਊਰੋ, ਪੰਜਾਬ।
8. ਸ਼੍ਰੀਮਤੀ ਗਿੰਨੀ ਦੁੱਗਲ, ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ, ਪੰਜਾਬ।
9. ਸਟੇਟ ਗਾਇਡੈਂਸ ਬਿਊਰੋ ਦੇ ਸਮੂਹ ਅਧਿਕਾਰੀ ਅਤੇ ਕਰਮਚਾਰੀ।
10. ਸਮੂਹ ਜ਼ਿਲ੍ਹਾ ਸਹਾਇਕ ਗਾਈਡੈਂਸ ਕਾਊਂਸਲਰਜ਼ ਅਤੇ ਸਕੂਲ ਕਾਊਂਸਲਰਜ਼।

ਇਸ ਮੀਟਿੰਗ ਵਿੱਚ ਇਸ ਦਫਤਰ ਦੀ ਤਕਨੀਕੀ ਸਹਾਇਕ (ਜਨਰਲ) ਵੱਲੋਂ ਵਿੱਤੀ ਸਾਲ 2014-15 ਦੇ ਗਾਈਡੈਂਸ ਗਤੀਵਿਧੀਆਂ ਦੇ ਟੀਚੇ ਤੇ ਪ੍ਰਾਪਤੀਆਂ ਅਤੇ ਸਟੇਟ ਗਾਈਡੈਂਸ ਬਿਊਰੋ ਦੇ ਮੌਜੂਦਾ ਸਟਾਫ ਦੇ ਢਾਂਚੇ ਬਾਰੇ ਜਾਣਕਾਰੀ ਦਿੱਤੀ। ਸਮੂਹ ਗਾਈਡੈਂਸ ਕਾਊਂਸਲਰਜ਼ ਵੱਲੋਂ ਬੇਨਤੀ ਕੀਤੀ ਗਈ ਕਿ ਉਹਨਾਂ ਨੂੰ ਅਤੇ ਸਟੇਟ ਗਾਈਡੈਂਸ ਬਿਊਰੋ ਨੂੰ ਆਧੁਨਿਕ ਟੈਕਨਾਲਜੀ ਨਾਲ ਜੋੜਿਆ ਜਾਵੇ।

ਇਸ ਮੀਟਿੰਗ ਵਿੱਚ ਹੇਠ- ਲਿਖੇ ਫੈਸਲੇ ਲਏ ਗਏ:-

1. ਜਨਵਰੀ ਮਹੀਨੇ ਦੇ ਅਖੀਰ ਤੱਕ ਸਮੂਹ ਜ਼ਿਲ੍ਹਾ ਸਹਾਇਕ ਗਾਈਡੈਂਸ ਕਾਊਂਸਲਰਜ਼ ਦਾ 7 ਦਿਨ ਦਾ ਟੂਰ ਪ੍ਰੋਗਰਾਮ ਬਣਾਇਆ ਜਾਵੇਗਾ। ਜਿਸ ਅਧੀਨ ਉਹਨਾਂ ਨੂੰ ਪ੍ਰੈਕਟੀਕਲ ਟ੍ਰੇਨਿੰਗ ਦੇਣ ਲਈ ਪੰਜਾਬ ਦੀਆਂ ਵੱਖ-ਵੱਖ ਯੂਨੀਵਰਸਟੀਆਂ, ਸਿੱਖਿਆ ਅਤੇ ਖੋਜ ਸੰਸਥਾਵਾਂ, ਅਕੈਡਮੀਆਂ, ਉਘੇ ਬਿਜਨਸ ਅਤੇ ਉਦਯੋਗਿਕ ਅਦਾਰੇ ਦਿਖਾਏ ਜਾਣਗੇ। ਇਸ ਤੋਂ ਇਲਾਵਾ 7 ਦਿੰਨ ਦੇ ਸਿਖਲਾਈ ਪ੍ਰੋਗਰਾਮ ਦਾ ਪ੍ਰਬੰਧ ਕੀਤਾ ਜਾਵੇਗਾ। ਜਿਸ ਵਿੱਚ ਉਹਨਾ ਨੂੰ ਆਧੁਨਿਕ ਯੁਗ ਦੇ ਪੇਸ਼ੇਵਰ ਕੋਰਸਾਂ ਬਾਰੇ ਜਾਣਕਾਰੀ ਦਿੱਤੀ ਜਾਵੇਗੀ।
2. ਸਮੂਹ ਜ਼ਿਲਾਂ ਸਹਾਇਕ ਗਾਈਡੈਂਸ ਕਾਊਂਸਲਰਜ਼ ਆਪਣੇ-ਆਪਣੇ ਜ਼ਿਲੇ ਨਾਲ ਸੰਬੰਧਤ ਸਰਕਾਰੀ ਸਕੂਲਾਂ ਦੇ ਦਸਵੀਂ ਅਤੇ ਬਾਰਵੀਂ ਦੇ ਵਿਦਿਆਰਥੀਆਂ ਦੇ ਜਾਂ ਉਹਨਾਂ ਦੇ ਮਾਪਿਆਂ ਦੇ ਮੋਬਾਇਲ ਨੰਬਰ ਦਾ ਡਾਟਾ ਬੇਸ ਤਿਆਰ ਕਰਨਗੇ ਅਤੇ ਉਹਨਾਂ ਨੂੰ

ਵੱਖ-ਵੱਖ ਕੋਰਸਾਂ ਵਿੱਚ ਦਾਖ਼ਲਿਆਂ ਸੰਬੰਧੀ ਐਸ.ਐਮ.ਐਸ. ਅਲਰਟ ਰਾਹੀਂ ਸੂਚਿਤ ਕਰਨਗੇ।

3. ਪੰਜਾਬ ਦੇ ਸਾਰਿਆ ਜਿਲ੍ਹਿਆਂ ਵਿੱਚ ਜ਼ਿਲ੍ਹਾ ਸਿੱਖਿਆ ਦਫਤਰਾਂ (ਸੈ:ਸਿ:) ਵਿਖੇ ਸਹਾਇਕ ਗਾਈਡੈਂਸ ਕਾਊਂਸਲਰਜ਼ ਦੀਆਂ ਰੈਗੂਲਰ ਅਸਾਮੀਆ ਦਿੱਤੀਆਂ ਜਾਣਗੀਆਂ। ਇਸ ਸੰਬੰਧੀ ਡੀ.ਪੀ.ਆਈ (ਸੈ:ਸਿ:) ਤਜਵੀਜ ਬਣਾ ਕੇ ਭੇਜਣਗੇ।

4. ਸਮੂਹ ਸਰਕਾਰੀ ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਦੀ ਲਾਇਬਰੇਰੀ ਵਿੱਚ ਕੈਰੀਅਰ ਕਾਊਂਸਲਿੰਗ ਤੇ ਗਾਈਡੈਂਸ ਸਬੰਧੀ ਕਿਤਾਬਾਂ ਅਤੇ ਮੈਗਜ਼ੀਨ ਉਪਲਬੱਧ ਕਰਵਾਉਣ ਲਈ ਰਕਮ ਰਮਸਾ ਅਧੀਨ ਦਿੱਤੀ ਜਾਣ ਵਾਲੀ ਸਲਾਨਾ ਗ੍ਰਾਂਟ 50,000 ਰੁਪਏ ਪ੍ਰਤੀ ਸਕੂਲ ਵਿੱਚੋਂ ਰਮਸਾ ਦੇ ਨਿਯਮਾਂ ਅਨੁਸਾਰ ਖਰਚ ਕੀਤੀ ਜਾ ਸਕਦੀ ਹੈ।

5. ਸਮੂਹ ਜ਼ਿਲ੍ਹਾ ਸਹਾਇਕ ਗਾਈਡੈਂਸ ਕਾਊਂਸਲਰਜ਼ ਅਤੇ ਜ਼ਿਲ੍ਹਾ ਵੋਕੇਸ਼ਨਲ ਕੋਆਰਡੀਨੇਟਰਜ਼ ਆਪਸ ਵਿੱਚ ਤਾਲ-ਮੇਲ ਕਰਕੇ ਸਾਲ 2015-16 ਲਈ ਸਕੂਲ ਪੱਧਰ ਤੇ ਗਾਈਡੈਂਸ ਤੇ ਕਾਉਂਸਲਿੰਗ ਦੇ ਕੰਮਾਂ ਦੀ ਸਲਾਨਾ ਯੋਜਨਾ ਤਿਆਰ ਕਰਨਗੇ।

6. ਵਿਦਿਆਰਥੀਆਂ ਦੇ ਐਪਟੀਚਿਊਟ ਟੈਸਟ ਕਰਨ ਲਈ, ਐਪਟੀਚਿਊਡ ਟੈਸਟ ਮਾਰਕੀਟ ਵਿਚੋਂ ਖਰੀਦ ਕੇ ਪੰਜਾਬੀ ਵਿੱਚ ਉਲਥਾ ਕਰਵਾਇਆਂ ਜਾਵੇਗਾਂ ਅਤੇ ਉਲਥਾ ਕੀਤੇ ਟੈਸਟਾਂ ਨੂੰ ਸਕੂਲਾਂ ਵਿੱਚ ਉਪਲਬੱਧ ਕਰਵਾਇਆ ਜਾਵੇਗਾ।

7. ਸਟੇਟ ਗਾਈਡੈਂਸ ਬਿਊਰੋ ਵੱਲੋਂ ਸਾਲ 2015-16 ਲਈ ਗਾਈਡੈਂਸ ਅਤੇ ਕਾਊਂਸਲਿੰਗ ਗਤੀਵਿਧੀਆਂ ਦੇ ਬਣਾਏ ਪਲਾਨ ਮੁਤਾਬਿਕ ਰਮਸਾ ਵੱਲੋਂ ਫੰਡ ਮੁੱਹਈਆ ਕੀਤੇ ਜਾਣਗੇਂ।